# ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਅਪੀਲ

***ਹਰਵਿੰਦਰ ਸਿੰਘ ਭਟੀ***

ਨਾਟਕਕਾਰ ਗੁਰਸ਼ਰਨ ਸਿੰਘ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਨਾ ਹੀ ਇਹ ਕਹਿਣ ਦੀ ਕੋਈ ਜ਼ਰੂਰਤ ਹੈ ਕਿ ਉਹ ਇਕ ਇਨਕਲਾਬੀ ਨਾਟਕਕਾਰ ਹੈ। ਉਹ ਇਕ ਸੰਸਥਾਨੁਮਾ ਬਹੁ-ਪੱਖੀ ਸ਼ਖ਼ਸੀਅਤ ਹੈ ਜਿਸ ਵਿਚ ਐਕਟਰ, ਡਾਇਰੈਕਟਰ, ਲੇਖਕ, ਬੁੱਧੀਜੀਵੀ ਤੇ ਸਿਆਸੀ ਕਾਰਕੁਨ ਇਕੋ ਸਮੇਂ ਹਾਜ਼ਰ ਰਹਿੰਦੇ ਹਨ। ਉਸਦੀ ਕਲਾ ਦੇ ਬਹੁਤ ਸਾਰੇ ਪੱਖ ਚਰਚਾ ਦਾ ਵਿਸ਼ਾ ਬਣਦੇ ਰਹਿੰਦੇ ਹਨ। ਪਰ ਮੈਨੂੰ ਉਸਦੀ ਕਲਾ ਦੇ ਸਮਾਜਿਕ ਵਿਗਿਆਨਕ ਪੱਖ ਤੋਂ ਬੜੀ ਦੇਰ ਤੋਂ ਦਿਲਚਸਪੀ ਰਹੀ ਹੈ। ਇਸ ਨੁਕਤਾ-ਨਜ਼ਰ ਤੋਂ ਕਈ ਮਹੱਤਵਪੂਰਨ ਸਵਾਲ ਮਨ ਵਿਚ ਆਉਂਦੇ ਹਨ। ਮਿਸਾਲ ਦੇ ਤੌਰ ਤੇ, ਉਸਦੀ ਕਲਾ, ਪ੍ਰਤਿਭਾ ਅਤੇ ਨਾਟਕਾਂ ਦਾ ਸਮਾਜਕ ਅਧਾਰ ਕੀ ਹੈ ? ਖਾਸ ਕਰਕੇ ਪੰਜਾਬੀ ਸਭਿਆਚਾਰ ਵਿਚ, ਜਿਥੇ ਨਾਟ ਤੇ ਮੰਚ ਪਰੰਪਰਾ ਦਾ ਬਹੁਤ ਮੱਹਤਵਪੂਰਨ ਥਾਂ ਨਾਂ ਹੋਣ ਜਾਂ ਅਵਿਕਸਿਤ ਅਵਸਥਾ ਵਿਚ ਹੁੰਦਿਆਂ ਵੀ, ਉਸਦੀ ਮਕਬੂਲੀਅਤ ਅਤੇ ਕਾਮਯਾਬੀ ਦਾ ਕੀ ਅਧਾਰ ਹੈ ? ਇਸ ਤੋਂ ਇਲਾਵਾ ਉਸਦੇ ਨਾਟਕਾਂ ਦਾ ਸਿਆਸੀ ਤੇ ਸਮਾਜਿਕ ਸੁਨੇਹਾ ਕੀ ਹੈ ? ਜਾਂ ਫਿਰ ਕੀ ਉਸਦੇ ਨਾਟਕਾਂ ਦਾ ਸੱਚਮੁੱਚ ਸਮਾਜਿਕ ਤਬਦੀਲੀ ਤੇ ਕੋਈ ਅਸਰ ਪਿਆ ਹੈ ? ਜੇ ਪਿਆ ਹੈ ਤਾਂ ਕਿਸ ਤਰ੍ਹਾਂ ਦਾ ਅਤੇ ਸਮਾਜ ਦੇ ਕਿਹੜੇ ਵਰਗਾਂ ਉੱਪਰ ? ਆਦਿ ਆਦਿ !

ਅਜਿਹੇ ਸਵਾਲਾਂ ਦੇ ਜਵਾਬਾਂ ਅਤੇ ਚਰਚਾ ਲਈ ਸਹਿਜੇ ਹੀ ਇਕ ਪੂਰੀ ਸੂਰੀ ਕਿਤਾਬ ਦੀ ਰਚਨਾ ਹੋ ਸਕਦੀ ਹੈ। ਪਰ ਇਥੇ ਇਸ ਸੰਖੇਪ ਜਿਹੀ ਟਿੱਪਣੀ ਵਿਚ ਅਜਿਹੇ ਸਵਾਲਾਂ ਤੇ ਚਰਚਾ ਕਰਨੀ ਸੰਭਵ ਨਹੀਂ ? ਇਥੇ ਅਸੀਂ ਉਸਦੇ ਨਾਟਕਾਂ ਦੇ ਇਕ ਬਹੁਤ ਹੀ ਅਹਿਮ ਪੱਖ ਦੀ ਸੀਮਤ ਜਿਹੀ ਚਰਚਾ ਕਰਾਂਗੇ ਤੇ ਉਹ ਪੱਖ ਹੈ ਉਸਦੇ ਨਾਟਕਾਂ ਦੀ ਦਰਸ਼ਕਾਂ ਨੂੰ ਅਪੀਲ ਦਾ ਆਧਾਰ।

ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਉਸਦੇ ਨਾਟਕ ਅਕਸਰ ਕਾਮਰੇਡ ਹੀ ਕਰਵਾਉਂਦੇ ਅਤੇ ਦੇਖਦੇ ਰਹੇ ਹਨ। ਪਰ ਜੇਕਰ ਇਹੀ ਗੱਲ ਹੈ ਤਾਂ ਕਾਮਰੇਡਾਂ ਦੇ ਹੋਰ ਬਹੁਤ ਸਾਰੇ ਨਾਟਕ ਟੋਲੇ ਜਾਂ ਨਾਟਕ ਮੰਡਲੀਆਂ ਰਹੀਆਂ ਹਨ। ਉਹ ਕਦੇ ਵੀ ਇਨੇ ਮਕਬੂਲ ਨਹੀਂ ਹੋ ਸਕੇ। ਸ਼ਾਇਦ ਕੁਝ ਲੋਕ ਇਹ ਵੀ ਸੋਚਦੇ ਹਨ ਕਿ ਉਹ ਸੀ. ਪੀ. ਆਈ. ਜਾਂ ਸੀ. ਪੀ. ਐਮ. ਖੱਬੇ ਪੱਖੀ ਪਾਰਟੀਆਂ ਦੀ ਬਜਾਏ ਨਕਸਲੀ ਗਰੁੱਪਾਂ ਦੇ ਜ਼ਿਆਦਾ

ਨੇੜੇ ਹੈ ? ਪਰ ਇਹ ਦਲੀਲ ਵੀ ਉਸਦੇ ਨਾਟਕਾਂ ਦੀ ਅਪੀਲ ਦੀ ਵਿਆਖਿਆ ਨਹੀਂ ਕਰਦੀ। ਹੋ ਸਕਦਾ ਹੈ ਗਰਮਖਿਆਲੀ ਹੋਰ ਬਹੁਤ ਸਾਰੇ ਪੱਖਾਂ ਵਿਚੋਂ ਇਕ ਪੱਖ ਹੋਵੇ, ਪਰ ਆਪਣੇ ਆਪ ਵਿਚ ਇਹ ਉਸਦੇ ਨਾਟਕਾਂ ਦੀ ਪ੍ਰਸਿੱਧੀ ਅਤੇ ਮਕਬੂਲੀਅਤ ਦਾ ਸੱਬਬ ਨਹੀਂ। ਫਿਰ ਅਜਿਹੀ ਕਿਹੜੀ ਵਿਸ਼ੇਸ਼ਤਾ ਹੈ ਜੋ ਉਸਨੂੰ ਬਾਕੀ ਨਾਟਕ ਮੰਡਲੀਆਂ ਤੋਂ ਵਖਰਿਆਉਂਦੀ ਵੀ ਹੈ ਤੇ ਲੋਕ ਮਨ ਦੇ ਨੇੜੇ ਵੀ ਲਿਜਾਂਦੀ ਹੈ।

ਸਮਾਜ-ਵਿਗਿਆਨ ਵਿਚ ਕੁਝ ਵਿਦਵਾਨ, ਖਾਸਕਰ ਟਰਨਰ ਨਾਟਕ ਨੂੰ ਇਕ ਰਿਚੂਅਲ (ਉਰਖਜਤਸ) ਦੇ ਤੌਰ ਤੇ ਇਕ ਰਸਮ ਜਾਂ ਗੀਤ ਦੇ ਰੂਪ ਵਿਚ ਦੇਖਣ ਨੂੰ ਤਵੱਜੋਂ ਦਿੰਦੇ ਹਨ। ਜਿਸ ਪਿਛੇ ਧਾਰਨਾ ਇਹ ਹੈ, ਰਿਚੂਅਲ, ਰਸਮ ਜਾਂ ਗੀਤ ਦੇ ਐਕਸ਼ਨ ਇਕ ਕਿਸਮ ਦੀ ਪੇਸ਼ਕਾਰੀ (ਗਵਪਥਵਾਤਠਡਗ) ਵੀ ਹੁੰਦੇ ਹਨ। ਅਜਿਹੀਆਂ ਪੇਸ਼ਕਾਰੀਆਂ ਦੇ ਕਈ ਵਾਰ ਇਕ ਤੋਂ ਵੱਧ ਸਮਾਜਿਕ ਅਰਥ ਅਤੇ ਸਮਾਜਿਕ ਪ੍ਰਭਾਵ ਹੁੰਦੇ ਹਨ। ਜੇਕਰ ਅਸੀਂ ਨਾਟਕ ਨੂੰ ਇਸ ਪ੍ਰਸੰਗ ਵਿਚ ਵੇਖੀਏ ਤਾਂ ਉਹ ਇਕ ਖਾਸ ਸਮਾਜ ਜਾਂ ਖਾਸ ਕਿੱਤੇ ਦੇ ਲੋਕਮਨ ਦਾ ਸਵੈ-ਸੰਵਾਦ ਹੀ ਹੁੰਦਾ ਹੈ। ਇਸ ਸਵੈ-ਸੰਵਾਦ ਵਿਚ ਵਰਤੇ ਜਾਂਦੇ ਚਿੰਨ੍ਹਾਂ, ਪ੍ਰਤੀਕਾਂ ਦੇ ਅਰਥ ਉਹ-ਪਰਤੀ ਤੇ ਬਹੁ ਅਰਥੀ ਹੁੰਦੇ ਹਨ ਜਾਂ ਦੂਜੇ ਅਰਥਾਂ ਵਿਚ ਨਾਟਕ ਦੀ ਪੇਸ਼ਕਾਰੀ ਅਤੇ ਦਰਸ਼ਨ ਦੀ ਸ਼ਮੂਲੀਅਤ ਆਪਣੇ ਆਪ ਵਿਚ ਇਕ ਪ੍ਰਕਿਪਿਰਆ ਹੈ। ਨਾਟਕ, ਸ਼ੈਲੀ ਦੇ ਤੌਰ ਤੇ ਬਹੁ-ਅਰਥੀ ਸੰਚਾਰ ਦੇ ਸਮਰੱਥ ਹੈ ਤੇ ਦਰਸ਼ਕ ਦੀਆਂ ਕਈ ਤੈਹਾਂ ਨੂੰ ਟੁੰਬਦਾ ਜਾਂ ਟੁੰਬ ਸਕਦਾ ਹੈ। ਇਹ ਸਿਰਫ਼ ਮਨੋਰੰਜਨ ਵੀ ਹੋ ਸਕਦਾ ਹੈ, ਸਿਰਫ਼ ਦਲੀਲ-ਮਈ ਸੁਨੇਹਾ ਵੀ ਹੋ ਸਕਦਾ ਹੈ ਤੇ ਜਜ਼ਬੇ-ਭੜਕਾਉ ਅਨੁਭਵ ਵੀ ਜਾਂ ਇਕੋ ਸਮੇਂ ਇਹ ਸਾਰਾ ਕੁਝ ਵੀ ਹੋ ਸਕਦਾ।

ਨਾਟਕ ਦੀ ਪੇਸ਼ਕਾਰੀ ਦੀ ਪ੍ਰਕਿਰਿਆ ਦੇ ਦੌਰਾਨ ਦਰਸ਼ਕ, ਆਪਣੀ ਸੋਚ, ਆਪਣੇ ਜਜ਼ਬਾਤ, ਆਪਣੀ ਮਾਨਸਿਕਤਾ, ਗੱਲ ਕੀ ਆਪਣਾ ਚੇਤ ਤੇ ਅਚੇਤ ਮਨ ਨਾਲ ਨਾਲ ਲੈ ਕੇ ਤੁਰਦਾ ਹੈ। ਇਸੇ ਪ੍ਰਕਿਰਿਆ ਦੌਰਾਨ ਉਹ ਕਈ ਸੰਕਲਪਿਤ ਸੰਸਾਰ ਚਿਤਰਦਾ ਸਿਰਜਦਾ ਤੇ ਢਾਉਂਦਾ ਹੈ। ਨਾਟਕਲਾ ਦੀ ਕਾਮਯਾਬੀ ਦਰਸ਼ਕ ਦੇ ਅੰਦਰ ਸਮਝਉਣ ਤੇ ਦਰਸ਼ਕ ਨੂੰ ਆਪਣੇ ਵਿਚ ਸਮਾਉਣ ਦੀ ਸਮਰੱਥਾ ਵਿਚ ਹੈ।

ਇਸ ਪ੍ਰਸੰਗ ਵਿਚ ਗੁਰਸ਼ਰਨ ਸਿੰਘ ਦੇ ਨਾਟਕਾਂ ਨੂੰ ਦੇਖਣਾ ਦਿਲਚਸਪੀ ਹੈ। ਉਸਦੇ ਦਰਸ਼ਕ ਕੌਣ ਹਨ ? ਉਹ ਮੁੱਖ ਤੌਰ ਤੇ ਪੰਜਾਬੀ ਲੋਕ ਹਨ, ਉਨ੍ਹਾਂ ਵਿਚੋਂ ਵੀ ਪੰਜਾਬੀ ਨੌਜਵਾਨ ਹਨ। ਅੱਗੇ ਉਹਨਾਂ ਵਿਚੋਂ ਵੀ ਪੜ੍ਹੇ ਲਿਖੇ ਅਤੇ ਸੂਝਵਾਨ ਨੌਜਵਾਨ ਹਨ। ਪਰ ਚੇਤੇ ਰਹੇ ਉਸਦੀ ਅਪੀਲ ਇਸ ਸਰਗਰਮ ਹਿੱਸੇ ਤਕ ਹੀ ਸੀਮਤ ਨਹੀਂ, ਉਸਦੀ ਅਪੀਲ ਸਰਬ ਵਿਆਪਕ ਹੈ।

ਦਰਅਸਲ ਪੰਜਾਬੀ ਸਮਾਜ ਉਹਨਾਂ ਕਿਸਾਨੀ ਸਮਾਜਾਂ ਵਿਚੋਂ ਇਕ ਹੈ। ਜਿਹਨਾਂ ਵਿਚ ਸਰਕਾਰੀ ਦਾਬੇ ਦੇ ਖਿਲਾਫ਼ ਇਕ ਬਗਾਵਤੀ ਅੰਸ਼ ਹਮੇਸ਼ਾਂ ਹੀ ਪਨਪਦਾ ਰਹਿੰਦਾ ਹੈ। ਅਜਿਹੇ ਸਮਾਜ ਦੇ ਮੁੱਖ ਤੌਰ ਤੇ ਪੇਂਡੂ ਲੋਕ ਹੁੰਦੇ ਹਨ ਤੇ ਉਹਨਾਂ ਵਿਚ ਇਸ ਰਿਹਾਇਸ਼ਗਾਹ ਦੇ ਲੋਕ, ਇਕ ਦੂਸਰੇ ਨੂੰ ਨਿੱਜੀ ਤੌਰ ਤੇ ਜਾਣਦੇ ਹੁੰਦੇ ਹਨ। ਲੋਕ ਸਾਰੀ

ਉਮਰ ਲਗਭਗਆਪਣੀ- ਆਪਣੀ ਇਕੋ ਸਥਾਈ ਪਛਾਣ (ਰਗਿਠਖਚ) ਅਤੇ ਸਵੈ (ਦਗਸਪ) ਵਿਚ ਗੁਜ਼ਰਦੇ ਹਨ। ਅਜਿਹੇ ਤੰਗ ਸਮਾਜਾਂ ਵਿਚ ਉਹਨਾਂ ਕੋਲ ਆਪਣੀ ਅਕਾਊ ਜ਼ਿੰਦਗੀ ਤੋਂ ਖਹਿੜਾ ਛਡਾਉਣ ਦੇ ਸਧਾਨ ਅਤੇ ਮੌਕੇ ਘੱਟ ਹੁੰਦੇ ਹਨ। ਇਸ ਕਰਕੇ ਲਗਭਗ ਹਰ ਇਕ ਦੇ ਅੰਦਰ ਇਕ ਬਾਗੀ ਛੁਪਿਆ ਹੁੰਦਾ ਹੈ। ਅਜਿਹੇ ਸਮਾਜ ਦਾ ਲੋਕਮਨ ਅਕਸਰ ਹੀ ਬਗਾਵਤੀ ਸੁਪਨੇ ਸਿਰਜਦਾ ਹੈ। ਕੁਦਰਤੀ ਹੈ ਕਿ ਅਜਿਹੇ ਸਮਾਜ ਦੀਆਂ ਸਭਿਆਚਾਰਕ ਕਿਰਤਾਂ ਵਿਚ ਇਹਨਾਂ ਦੇ ਜਜ਼ਬਿਆਂ ਦਾ ਪ੍ਰਗਟਾਅ ਅਤੇ ਨਿਭਾਅ ਕਰਨ ਵਾਲੇ ਅਨੇਕਾਂ ਚਿੰਨ੍ਹ, ਪ੍ਰਤੀਕ ਤੇ ਮੋਟਿਫ ਪਾਏ ਜਾਂਦੇ ਹਨ।

ਗੁਰਸ਼ਰਨ ਸਿੰਘ ਇਸ ਖਜ਼ਾਨੇ ਨੂੰ ਵਰਤਕੇ ਹੀ ਆਪਣੀ ਪੇਸ਼ਕਾਰੀ ਦੌਰਾਨ ਇਕ ਸੰਕਲਪਿਤ ਸਮਾਜ ਸਿਰਜਦਾ ਹੈ। ਉਹ ਨਾ ਸਿਰਫ਼ ਇਸ ਸਭਿਆਚਾਰਕ ਵਿਰਸੇ ਨੂੰ ਵਰਤਦਾ ਹੀ ਹੈ ਸਗੋਂ ਇਸ ਦਾ ਸਮਕਾਲੀ ਸਥਿਤੀ ਨਾਲ ਸੰਬੰਧ ਜੋੜਕੇ ਇਨਕਲਾਬੀ ਰੂਪਾਂਤਰਨ ਵੀ ਕਰਦਾ ਹੈ। ਇਸ ਸੰਬੰਧ ਵਿਚ ਉਸਦੇ ਨਾਟਕ 'ਇਹ ਲਹੂ ਕਿਸਦਾ ਹੈ', 'ਨਿੰਦਿਆਂ ਦੀ ਓਟ', 'ਕਿਵ ਕੂੜੈ ਤੁਟੇ ਪਾਲ' ਅਤੇ 'ਪਰਖ' ਜ਼ਿਕਰਯੋਗ ਹਨ। ਇਹਨਾਂ ਵਿਚ ਉਸਨੇ ਸਿੱਖ ਇਤਿਹਾਸ ਦੇ ਵੱਖ-ਵੱਖ ਮੋੜਾਂ ਤੋਂ ਘਟਨਾਵਾਂ ਨੂੰ ਉਹਨਾਂ ਦੇ ਨਵੇਂ ਅਰਥਾਂ ਵਿਚ ਪੇਸ਼ ਕਰਨ ਦੀ ਕਾਮਯਾਬ ਕੋਸ਼ਿਸ਼ ਕੀਤੀ ਹੈ। ਇਸਤੋਂ ਇਲਾਵਾ ਉਸਦੇ ਸਿਆਸੀ ਅਤੇ ਸਮਾਜਿਕ ਨਾਟਕ, ਸਿਰਫ਼ ਮਨੋਰੰਜਨ ਜਾਂ ਪ੍ਰਚਾਰ ਤਕ ਸੀਮਤ ਨਹੀਂ ਸਗੋਂ ਉਹ ਮੌਜੂਦਾਂ ਸਿਆਸੀ, ਸਮਾਜਿਕ ਅਤੇ ਸਭਿਆਚਾਰਕ ਢਾਂਚੇ ਦੀ ਪੜਚੋਲ ਹਨ। ਸਗੋਂ ਪੜਚੋਲ ਤੋਂ ਅੱਗੇ ਵਧਕੇ ਦਰਸ਼ਕ ਦੇ ਮਨ ਨੂੰ ਇਕ ਮੁਤਬਾਦਲ ਸੁਪਨੇ ਦੀ ਹੱਦ ਤਕ ਲੈ ਜਾਂਦੇ ਹਨ। ਅਰਥਾਤ ਉਹ ਦਰਸ਼ਕ ਦੇ ਕਿਸੇ ਦਿਮਾਗ ਦੀਆਂ ਅਨੇਕਾਂ ਪਰਤਾਂ ਨੂੰ ਨਾ ਸਿਰਫ਼ ਛੂੰਹਦੇ ਹਨ, ਸਗੋਂ ਕਿਤੋਂ ਝੰਜੋੜਕੇ, ਕਿਤੋਂ ਚੋਭਕੇ ਤੇ ਕਿਤੋਂ ਪਲੋਸਕੇ, ਉਸਨੂੰ ਉਸ ਦੀ ਰਿਵਾਇਤੀ ਪਛਾਣ ਤੋਂ ਬਾਹਰ ਲਿਆਉਂਦੇ ਹਨ।

ਸੋ ਸਮਾਜ ਵਿਗਿਆਨਕ ਪੱਖ ਤੋਂ ਵੇਖਿਆ ਉਸਦੇ ਨਾਟਕਾਂ ਦੀ ਪੇਸ਼ਕਾਰੀ ਦੀ ਸਮੁੱਚੀ ਪ੍ਰਤਿਕਿਰਆ ਜੋ ਕਿ ਕਾਫ਼ੀ ਨਾਟਕੀ ਪ੍ਰੰਪਰਾਵਾਂ ਤੋਂ ਨਾ ਸਿਰਫ਼ ਬਾਗੀ, ਸਗੋਂ ਮੁਕਤ ਹੈ, ਇਕ ਖਾਸ ਦਰਸ਼ਕ ਵਰਗ ਦੀਆਂ ਮਨਤਰੰਗਾਂ ਨਾਲ ਇਕ ਮਿਕ ਹੈ। ਉਸਦੇ ਨਾਟਕਾਂ ਦੀ ਸਕਰਿਪਟ ਪਹਿਲਾਂ ਹੀ ਇਨ੍ਹਾਂ ਦਰਸ਼ਕਾਂ ਦੇ ਮਨ ਵਿਚ ਪਈ ਹੁੰਦੀ ਹੈ,ਗੁਰਸ਼ਰਨ ਸਿੰਘ ਤਾਂ ਆਪਣੀ ਕਲਾ ਨਾਲ ਉਹਨਾਂ ਦੇ ਸੁੱਤੇ ਭਾਵਾਂ ਨੂੰ ਜ਼ਬਾਨ ਬਖ਼ਸ਼ ਦਿੰਦਾ ਹੈ। ਸਮੁੱਚੀ ਪ੍ਰਕਿਰਿਆ ਵਿਚ ਉਹ ਆਪਣੀ ਪਛਾਣ ਖੋ ਕੇ ਨਾਟਕ ਵਿਚ ਸਮੋ ਜਾਂਦਾ ਹੈ। ਇਸੇ ਪ੍ਰਕਿਰਿਆ ਦੌਰਾਨ ਦਰਸ਼ਕ ਵੀ ਆਪੇ ਤੋਂ ਬਾਹਰ ਆ ਕੇ, ਗੁਰਸ਼ਰਨ ਸਿੰਘ ਦੁਆਰਾ ਰਚੇ ਪੰਜਾਬੀ ਸਮਾਜ ਦੇ ਸਵੈ-ਸੰਵਾਦ ਵਿਚ ਹਿੱਸਾ ਪਾਉਂਦਾ ਹੈ। ਸ਼ਾਇਦ ਪ੍ਰਕਿਰਿਆ ਵਿਚ ਨਾਟਕਕਾਰ ਦੀ ਮਕਬੂਲੀਅਤ ਅਤੇ ਅਪੀਲ ਦਾ ਰਾਜ ਛੁਪਿਆ ਹੋਇਆ ਹੈ।